# ਲੱਖਾਂ ਕਰੋੜਾਂ ਰੁਪਿਆ

ਬੇਬੇ ਨੇ ਮਕੀ ਦੀਆਂ ਛਲੀਆਂ ਦੀ ਅਖੀਰਲੀ ਧਾਰਨ ਚਾਦਰ ਤੇ ਪਾਈ ਤਾਂ ਹਟਵਾਣੀਏ ਨੇ ਪੰਜ ਰੁਪਏ ਦਾ ਨੋਟ ਬੇਬੇ ਦੇ ਹਥ ਫੜਾਇਆ। ਚਾਦਰ ਦੀਆਂ ਕੰਨੀਆਂ ਕਠੀਆਂ ਕਰਕੇ ਉਸ ਛਲੀਆਂ ਮਗਰ ਪਿਛੇ ਪਾ ਲਈਆਂ ਤੇ ਵੇਹੜੇ ਵਿਚੋਂ ਨਿਕਲ ਗਿਆ।

ਬੇਬੇ ਜਿਸ ਕੋਲ ਇਕ ਮਿੰਟ ਪਹਿਲਾਂ ਧੇਲਾ ਵੀ ਨਹੀਂ ਸੀ, ਹੁਣ ਪੰਜਾਂ ਰੁਪਿਆਂ ਵਾਲੀ ਬਣ ਗਈ ਸੀ।

'ਇਹ ਚੀਜ਼ਾਂ ਵੇਚਣਾ ਕਿੰਨਾ ਸਵਾਦੀ ਕੰਮ ਹੈ।" ਕੋਲ ਖਲੋ ਬਾਲੂ ਨੂੰ ਖ਼ਿਆਲ ਆ ਰਿਹਾ ਸੀ।

ਇਹ ਛਲੀਆਂ ਕਈਆਂ ਮਹੀਨਿਆਂ ਤੋਂ ਵਿਚਕਾਰਲੇ ਅੰਦਰ ਦੀ ਇਕ ਗੁਠੇ ਪਈਆਂ ਹੋਈਆਂ ਸਨ। ਕਈ ਵਾਰ ਬੇਬੇ ਨੇ ਉੱਲੀ ਤੋਂ ਬਚਾਉਣ ਲਈ ਇਨ੍ਹਾਂ ਨੂੰ ਖਲਾਰਿਆ ਤੇ ਫਿਰ ਕਠਿਆਂ ਕੀਤਾ ਸੀ। ਚੂਹੇ ਰੋਜ਼ ਇਨ੍ਹਾਂ ਨਾਲੋਂ ਦਾਣੇ ਲਾਹੁੰਦੇ ਸਨ। ਤੇ ਅਜ ਇਹ ਛਲੀਆਂ ਜਿਹੜੀਆਂ ਕਿ ਅਜ ਤਕ ਮੁਸੀਬਤ ਜਿਹੀ ਲਗਦੀਆਂ ਸਨ ਪੰਜਾਂ ਰੁਪਈਆਂ ਵਿਚ ਵਿਕ ਗਈਆਂ ਸਨ।

"ਪੰਜ ਰੁਪਏ ਕਿੰਨੀ ਵਡੀ ਸ਼ੈ ਹਨ।' ਬਾਲੂ ਸੋਚ ਰਿਹਾ ਸੀ। ਇਨ੍ਹਾਂ ਨਾਲ ਤੇ ਸ਼ਾਇਦ ਹਟਵਾਣੀਏ ਦੀ ਅੱਧੀ ਹੱਟੀ ਮੁਲ ਲਈ ਜਾ ਸਕਦੀ ਸੀ। ਕੌਡੀਆਂ, ਰਿਉੜੀਆਂ, ਅੰਗਰੇਜ਼ੀ ਸਾਬਣ ਦੀਆਂ

ਚਾਕੀਆਂ, ਨੁਗਦੀ ਮਿਸ਼ਰੀ, ਵਗਿਆਂ ਦੀ ਗਾਨੀ ਲਈ ਮਣਕੇ ਤੇ ਗਲ ਲਈ ਘੁੰਗਰੂ, ਕੁਤੇ ਲਈ ਸੰਗਲੀ ਤੇ ਨਿਕੀ ਤਾਸ਼। ਪੰਜਾਂ ਰੁਪਿਆਂ ਵਿਚ ਤੇ ਕਿੰਨਾ ਕੁਝ ਹੀ ਆ ਸਕਦਾ ਸੀ। ਭਲਾ ਛਲੀਆਂ ਓਥੇ ਪਈਆਂ ਕੀ ਕਰਦੀਆਂ ਸਨ।

ਹੁਣ ਬਾਲੂ ਹੈਰਾਨ ਸੀ ਕਿ ਉਹ ਸਭ ਕੁਝ ਵੇਚ ਹੀ ਕਿਉਂ ਨਹੀਂ ਦਿੰਦੇ ਸਨ। ਹਰ ਵੇਲੇ ਤੇ ਉਹ ਪੈਸਿਆਂ ਨੂੰ ਤਰਸਦੇ ਰਹਿੰਦੇ ਸਨ।

ਭਾਬੀ ਦੀ ਪੈਰੀਂ ਜੁਤੀ ਨਹੀਂ ਸੀ ਤੇ ਭਾਵੇਂ ਬੇਬੇ ਆਖਦੀ ਸੀ ਕਿ ਨੂੰਹ ਦਾ ਨੰਗੀ ਪੈਰੀਂ ਬਾਹਰ ਅੰਦਰ ਜਾਣਾ ਬੜੀ ਸ਼ਰਮ ਦੀ ਗੱਲ ਹੈ, ਪਰ ਉਸ ਨੂੰ ਕੋਈ ਜੁਤੀ ਵੀ ਨਹੀਂ ਲੈ ਕੇ ਦਿੰਦਾ ਸੀ।

ਉਨ੍ਹਾਂ ਦੇ ਘਰ ਕਦੀ ਡੱਬੀ ਵੀ ਨਹੀਂ ਹੁੰਦੀ ਸੀ। ਉਸ ਦੀ ਭੈਣ ਸਵੇਰੇ ਉਠ ਕੇ ਇਸ ਉਡੀਕ ਵਿਚ ਰਹਿੰਦੀ ਕਿ ਕਦੋਂ ਕੋਈ ਅੱਗ ਬਾਲੇ ਤੇ ਕਦੋਂ ਉਹ ਉਸ ਦੇ ਘਰੋਂ ਅੱਗ ਲਿਆ ਕੇ ਆਪਣਾ ਚੁਲ੍ਹਾ ਗਰਮ ਕਰੇ।

ਬਾਲੂ ਹੈਰਾਨ ਸੀ ਕਿ ਉਹ ਕਿਉਂ ਇਸ ਤਰ੍ਹਾਂ ਮਹੀਨਿਆਂ ਬੱਧੀ ਪੈਸਿਆਂ ਨੂੰ ਤਰਸਦੇ ਰਹਿੰਦੇ। ਕਿਉਂ ਨਹੀਂ ਉਹ ਆਪਣੀਆਂ ਸਾਰੀਆਂ ਚੀਜ਼ਾਂ ਵੇਚ ਦਿੰਦੇ।

"ਬੇਬੇ ਅਸੀਂ ਆਪਣੀ ਭੋਇੰ ਕਿਉਂ ਨਹੀਂ ਵੇਚ ਦਿੰਦੇ ? ਆਖਦੇ ਨੇ ਭੋਇੰ ਬੜੀ ਮਹਿੰਗੀ ਵਿਕਦੀ ਏ।" ਹੈਰਾਨ ਹੋਏ ਬਾਲੂ ਨੇ ਬੇਬੇ ਤੋਂ ਪੁਛਿਆ।

"ਨਾ ਪੱਤਰ ਇਹੋ ਜਿਹੀਆਂ ਗੱਲਾਂ ਨਹੀਂ ਕਰੀਦੀਆਂ, ਜੱਟ ਨਹੀਂ ਭੋਇੰ ਵੇਚਦੇ।"

"ਅੱਛਾ ਬੇਬੇ ਅਸੀਂ ਜੱਸੂ ਨੂੰ ਵੇਚ ਦੇਈਏ।" ਬਾਲੂ ਨੇ ਰੁਛੜ ਰੁਕੇ ਆਪਣੇ ਨਿਕੇ ਭਰਾ ਵਲ ਤਕ ਕੇ ਕਿਹਾ।

"ਨਾ ਪੁੱਤਰ ਤੂੰ ਤੇ ਅਸਲੋਂ ਕਮਲਾ ਹੋ ਗਿਆ ਏਂ। ਕਦੀ ਕਿਸੇ ਪੁੱਤਰ ਵੀ ਵੇਚੇ ਨੇ ਠੇੜ੍ਹਿਆ। ਪੁੱਤਰ ਤੇ ਲੱਖੀਂ ਕਰੋੜੀਂ ਵੀ ਨਹੀਂ ਲਭਦੇ।"

"ਬੇਬੇ ਇਹ ਲੱਖਾਂ ਕਰੋੜਾਂ ਰੁਪਿਆਂ ਦਾ ਏ ?" ਬਾਲੂ ਨੇ ਹੈਰਾਨ ਹੋ ਕੇ ਪੁਛਿਆ।

"ਹਾਂ ਪੁੱਤਰ !"

"ਬੇਬੇ ਮੈਂ ਕਿੰਨੇ ਕੁ ਰੁਪਿਆਂ ਦਾ ਵਾਂ ?"

"ਪੁਤਰ ਤੂੰ ਵੀ ਲੱਖਾਂ ਕਰੋੜਾਂ ਰੁਪਿਆਂ ਦਾ ਏਂ।"

"ਕੋਈ ਲਖ ਰੁਪਿਆ ਬੋਝੇ ਵਿਚ ਪਾ ਕੇ ਫਿਰੇ ਖਾਂ ਉਸ ਨੂੰ ਕੋਈ ਪੁੱਤ ਲੱਭ ਪੈਂਦਾ ਏ।"

ਬਾਲੂ ਨੂੰ ਇਸ ਗੱਲ ਦਾ ਬਹੁਤ ਇਤਬਾਰ ਨਹੀਂ ਸੀ। ਪਰ ਫਿਰ ਵੀ ਉਹ ਬੜਾ ਖੁਸ਼ ਸੀ। ਭਾਵੇਂ ਆਲ ਦੁਆਲੇ ਤੇ ਕਿਧਰੇ ਵੇਖਣ ਨੂੰ ਵੀ ਕੋਈ ਪੈਸਾ ਨਹੀਂ ਸੀ ਪਰ ਉਹ ਆਪ ਤੇ ਲੱਖਾਂ ਰੁਪਿਆਂ ਦਾ ਸੀ ਨਾ। ਇਸ ਖ਼ਿਆਲ ਵਿਚੋਂ ਹੋਰ ਵਧੇਰ ਖੁਸ਼ੀ ਲੈਣ ਲਈ ਉਸ ਫਿਰ ਭੀ ਕਈ ਕਈ ਵੇਰ ਬੇਬੇ ਤੋਂ ਪੁਛਿਆ "ਬੇਬੇ ਮੈਂ ਕਿੰਨਿਆਂ ਰੁਪਿਆਂ ਦਾ ਵਾਂ ?"

ਤੇ ਹਰ ਵਾਰੀ ਹੀ ਬੇਬੇ ਉਸ ਨੂੰ ਝਿੜਕ ਕੇ ਸਮਝਾਂਦੀ ਕਿ ਉਸ ਦਾ ਕੋਈ ਮੁੱਲ ਨਹੀਂ ਪੈ ਸਕਦਾ ਸੀ। ਉਹ ਤੇ ਲੱਖਾਂ ਕਰੋੜਾਂ ਰੁਪਿਆਂ ਦਾ ਸੀ।

ਸ਼ਹਿਰ ਵਿਚ ਕਰਾਏ ਤੇ ਸਾਈਕਲ ਦੇਣ ਵਾਲਾ ਇਕ ਠੇਕੇਦਾਰ ਆਪਣੀ ਦੁਕਾਨ ਉਠਾ ਕੇ ਦਿੱਲੀ ਲੈ ਗਿਆ ਸੀ। ਪਿਛੇ ਉਸ ਸ਼ਹਿਰ ਵਿਚ ਸਾਈਕਲਾਂ ਦਾ ਇਕੋ ਠੇਕੇਦਾਰ ਰਹਿ ਗਿਆ ਸੀ। ਤੇ ਉਸ ਨੇ ਸਾਈਕਲਾਂ ਦਾ ਕਰਾਇਆ ਪੰਝੀ ਤੋਂ ਪੈਂਤੀ ਰੁਪਏ ਮਹੀਨਾ ਕਰ ਦਿਤਾ ਸੀ। ਇਹ ਵਧੇ ਹੋਏ ਕਰਾਏ ਵੇਖ ਕੇ ਮਹਿਕਮੇਂ ਦੇ ਡਿਪਟੀ ਸੈਕਰੇਟਰੀ

ਬਿੰਦਰਾ ਸਾਹਿਬ ਨੇ ਹੁਕਮ ਦਿਤਾ ਸੀ ਕਿ ਜੋ ਸਾਈਕਲ ਮਹਿਕਮੇਂ ਦੇ ਕਰਾਏ ਤੇ ਲਏ ਹੋਏ ਹਨ ਉਹ ਸਾਰੇ ਵਾਪਸ ਕਰ ਦਿਤੇ ਜਾਣ, ਕਿਉਂਕਿ ਸਾਈਕਲਾਂ ਦਾ ਕਰਾਇਆਂ ਬਹੁਤ ਵਧ ਗਿਆ ਸੀ।

ਇਕ ਮਹਿਕਮੇਂ ਵਲੋਂ ਲਿਆ ਹੋਇਆ ਸਾਈਕਲ ਸੇਠੀ ਸਾਹਿਬ ਕੋਲ ਵੀ ਸੀ, ਪਰ ਉਹ ਤਾਂ ਇਸ ਨੂੰ ਵਾਪਸ ਨਹੀਂ ਕਰ ਸਕਦੇ ਸਨ, ਕਿਉਂਕਿ ਉਨ੍ਹਾਂ ਨੂੰ ਹਰ ਰੋਜ਼ ਆਪਣਾ ਚਪੜਾਸੀ ਸ਼ਹਿਰ ਵਿਚ ਡਾਕ ਦੇਣ ਲਈ ਅੱਠ ਨੌਂ ਮੀਲ ਦੇ ਚੱਕਰ ਤੇ ਭੇਜਣਾ ਪੈਂਦਾ ਸੀ। ਸੋ ਇਹ ਗੱਲ ਉਨ੍ਹਾਂ ਲਿਖ ਕੇ ਡਿਪਟੀ ਸੇਕਰੇਟਰੀ ਸਾਹਿਬ ਨੂੰ ਭੇਜ ਦਿਤੀ।

ਇਸ ਵਧੇ ਹਏ ਕਰਾਏ ਤੇ ਡਿਪਟੀ ਸੈਕਰੇਟਰੀ ਸਾਹਿਬ ਕੋਈ ਸਾਈਕਲ ਮਹਿਕਮੇ ਵਿਚ ਨਹੀਂ ਰਹਿਣ ਦੇਣਾ ਚਾਹੁੰਦੇ ਸਨ। ਮੁਆਮਲਾ ਸਿੱਧਾ ਕਰਨ ਲਈ ਉਨ੍ਹਾਂ ਸੇਠੀ ਸਾਹਿਬ ਨੂੰ ਆਪਣੇ ਕੋਲ ਸਦਵਾ ਲਿਆ।

"ਬਿੰਦਰਾ ਸਾਹਿਬ, ਮੇਰੇ ਚਪੜਾਸੀ ਨੂੰ ਹਰ ਰੋਜ਼ ਅੱਠ ਨੌਂ ਮੀਲ ਦਾ ਚੱਕਰ ਲਾਣਾ ਪੈਂਦਾ ਹੈ। ਜੇ ਮੇਰੇ ਕੋਲ ਸਾਈਕਲ ਨਾ ਰਿਹਾ ਤਾਂ ਦਸੋ ਉਹ ਇੰਨਾ ਵਡਾ ਚੱਕਰ ਕਿਸ ਤਰ੍ਹਾਂ ਲਾਏਗਾ?"

"ਤੁਸੀਂ ਉਸ ਨੂੰ ਬਸ ਤੇ ਨਹੀਂ ਭੇਜ ਸਕਦੇ?"

"ਬਿੰਦਰਾ ਸਾਹਿਬ ਬਸ ਤੇ ਸਿਰਫ਼ ਵਡੀਆਂ ਸੜਕਾਂ ਤੇ ਹੀ ਰਹਿੰਦੀ ਹੈ ਤੇ ਉਸ ਨੇ ਡਾਕ ਲੈ ਕੇ ਕਈ ਥਾਵਾਂ ਤੇ ਜਾਣਾ ਹੁੰਦਾ ਹੈ। ਬੱਸ ਉਸ ਲਈ ਠੀਕ ਨਹੀਂ।"

"ਤਾਂ ਤੁਸੀਂ ਉਸ ਨੂੰ ਪੈਦਲ ਭੇਜ ਦਿਆ ਕਰੋ।"

"ਪੈਦਲ ਤੇ ਬਿੰਦਰਾ ਸਾਹਿਬ ਉਹ ਸਾਰਾ ਦਿਣ ਨਾ ਆਇਆ ਕਰ੍ਹੇਗਾ। ਦਫ਼ਤਰ ਵਿਚ ਹੋਰ ਕੰਮ ਵੀ ਤੇ ਹੁੰਦੇ ਹਨ। ਸਾਈਕਲ ਤੇ ਉਹ ਘੰਟੇ ਸਵਾ ਘੰਟੇ ਵਿਚ ਮੁੜ ਆਉਂਦਾ ਹੈ।"

"ਵੇਖੋ ਸੇਠੀ, ਸਾਰੀ ਗੱਲ ਚੀਜ਼ ਮਿਲਣ ਦੀ ਹੈ। ਸਾਈਕਲਾਂ

ਦਾ ਕਰਾਇਆ ਪੈਂਤੀ ਰੁਪਏ ਮਹੀਨਾ ਹੋ ਗਿਆ ਹੈ। ਫ਼ਾਈਨੈਨਸ ਡੀਪਾਰਟਮੈਂਟ ਵਾਲੇ ਇਹ ਬਰਦਾਸ਼ਤ ਨਹੀਂ ਕਰਨਗੇ ਕਿ ਅਸੀਂ ਇਸ ਕਰਾਏ ਤੇ ਸਾਈਕਲ ਲਈਏ। ਚਪੜਾਸੀ ਅਜ ਕਲ ਅਸੀਂ ਚਾਲੀ ਰੁਪਏ ਮਹੀਨੇ ਤੇ ਰਖ ਰਹੇ ਹਾਂ। ਜੇ ਤੁਸੀਂ ਚਾਹੋ ਤੇ ਮੈਂ ਤੁਹਾਨੂੰ ਇਕ ਹੋਰ ਚਪੜਾਸੀ ਰਖ ਕੇ ਦੇ ਸਕਦਾ ਹਾਂ। ਡਾਕ ਦੇਣ ਤੋਂ ਇਲਾਵਾ ਇਥੇ ਹੋਰ ਸੌ ਕੰਮ ਕਰੂ। ਸਾਈਕਲ ਬਹੁਤ ਮਹਿੰਗੇ ਹੋ ਗਏ ਹਨ। ਇਕ ਰਟ ਵਿਚ ਨਹੀਂ ਪੈ ਰਹਿਣਾ ਚਾਹੀਦਾ। ਅਕਲ ਤੋਂ ਕੰਮ ਲੈਣਾ ਚਾਹੀਦਾ ਹੈ ਜਿਸ ਤਰ੍ਹਾਂ ਮੈਂ ਪਹਿਲੇ ਕਿਹਾ ਹੈ, ਬਸ ਇਕ ਚੀਜ਼ ਦੇ ਮਿਲਣ ਦੀ ਗਲ ਹੈ।"

ਸੇਠੀ ਸਾਹਿਬ ਨੇ ਇਹ ਤਜਵੀਜ਼ ਮਨਜ਼ੂਰ ਕਰ ਲਈ।

ਕਈ ਦਿਨਾਂ ਤੋਂ ਬਾਲੂ ਚਪੜਾਸੀ ਰਹਿਣ ਲਈ ਦਫ਼ਤਰ ਦੇ ਚੱਕਰ ਕੱਢ ਰਿਹਾ ਸੀ। ਰੋਜ਼ ਉਸ ਨੂੰ ਇਹੀ ਕਿਹਾ ਜਾਂਦਾ ਕਿ ਅਜੇ ਜਗ੍ਹਾ ਨਹੀਂ, ਫਿਰ ਆਵੀਂ। ਅਜ ਜਦ ਉਹ ਆਇਆ ਤਾਂ ਦਫ਼ਤਰ ਵਾਲੇ ਸਾਹਿਬ ਨੇ ਇਕ ਬਾਬੂ ਨੂੰ ਕਿਹਾ। ਇਸ ਆਦਮੀ ਦਾ ਨਾਂ ਪਤਾ ਲਿਖ ਲੌ। ਇਸ਼ ਨੂੰ ਚਪੜਾਸੀ ਰਖਣਾ ਹੈ।

ਸੇਠੀ ਸਾਹਿਬ ਨੂੰ ਇਕ ਚਪੜਾਸੀ ਮਿਲਿਆ ਹੈ ਕਿਉਂ ਕਿ ਉਨ੍ਹਾਂ ਆਪਣੀ ਸਾਈਕਲ ਵਾਪਸ ਕਰ ਦਿਤੀ ਹੈ।